BCM SCHOOL, BASANT AVENUE, DUGRI

CLASS- V SESSION 2025-26 (SUBJECT-Punjabi) (WORKSHEET/ASSIGNMENT)

**ਅਣਡਿੱਠਾ ਪੈਰ੍ਹਾ**

ਸਫ਼ਾਈ ਸਾਡੇ ਚੰਗੇ ਜੀਵਨ ਦੀ ਨਿਸ਼ਾਨੀ ਹੈ। ਸਾਫ਼ ਘਰ, ਸਕੂਲ ਅਤੇ ਆਲੇ-ਦੁਆਲੇ ਦਾ ਵਾਤਾਵਰਣ ਸਾਨੂੰ ਤੰਦਰੁਸਤ ਰੱਖਣ ਵਿੱਚ ਸਹਾਇਕ ਹੁੰਦਾ ਹੈ। ਅੱਜ ਕਈ ਥਾਵਾਂ 'ਤੇ ਲੋਕ ਕੂੜਾ ਇੱਧਰ-ਉੱਧਰ ਸੁੱਟ ਦਿੰਦੇ ਹਨ, ਜਿਸ ਨਾਲ ਗੰਦਗੀ ਅਤੇ ਬਿਮਾਰੀਆਂ ਫੈਲ ਸਕਦੀਆਂ ਹਨ। ਸਾਨੂੰ ਕੂੜਾ ਹਮੇਸ਼ਾ ਕੂੜੇਦਾਨ ਵਿੱਚ ਪਾਉਣਾ ਚਾਹੀਦਾ ਹੈ ਅਤੇ ਗਿੱਲੇ ਤੇ ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣਾ ਚਾਹੀਦਾ ਹੈ। ਜੇ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਸਮਝ ਕੇ ਸਫ਼ਾਈ ਰੱਖੇ, ਤਾਂ ਸਾਡਾ ਆਲਾ-ਦੁਆਲਾ ਸੁੰਦਰ ਅਤੇ ਸਿਹਤਮੰਦ ਬਣ ਸਕਦਾ ਹੈ।

ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

ਪ੍ਰ:-ਸਫ਼ਾਈ ਸਾਡੇ ਲਈ ਕਿਉਂ ਜ਼ਰੂਰੀ ਹੈ?
(ੳ) ਸਿਹਤਮੰਦ ਰਹਿਣ ਲਈ। (ਅ) ਸਮਾਂ ਬਰਬਾਦ ਕਰਨ ਲਈ
(ੲ) ਗੰਦਗੀ ਫੈਲਾਉਣ ਲਈ। (ਸ) ਖੇਡਣ ਲਈ

ਪ੍ਰ:-ਕੂੜਾ ਇੱਧਰ-ਉੱਧਰ ਸੁੱਟਣ ਨਾਲ ਕੀ ਹੋ ਸਕਦਾ ਹੈ?
(ੳ)ਵਾਤਾਵਰਣ ਸਾਫ਼ ਹੁੰਦਾ ਹੈ।
(ਅ) ਗੰਦਗੀ ਅਤੇ ਬਿਮਾਰੀਆਂ ਫੈਲ ਸਕਦੀਆਂ ਹਨ।
(ੲ) ਰੁੱਖ ਵੱਧਦੇ ਹਨ। (ਸ) ਹਵਾ ਸ਼ੁੱਧ ਹੁੰਦੀ ਹੈ।

ਪ੍ਰ:-ਜੇ ਤੁਹਾਡਾ ਦੋਸਤ ਕੂੜਾ ਸੜਕ 'ਤੇ ਸੁੱਟੇ, ਤਾਂ ਤੁਸੀਂ ਉਸਨੂੰ ਕੀ ਸਮਝਾਓਗੇ?
(ੳ) ਉਸਨੂੰ ਕੂੜਾ ਕੂੜੇਦਾਨ ਵਿੱਚ ਪਾਉਣ ਲਈ ਸਮਝਾਵਾਂਗੇ। (ਅ) ਉਸ ਦੇ ਨਾਲ ਕੂੜਾ ਸੁੱਟਾਂਗੇ। (ੲ) ਉਸਨੂੰ ਅਣਡਿੱਠਾ ਕਰਾਂਗੇ (ਸ) ਕੂੜਾ ਸੜਕ 'ਤੇ ਹੀ ਰਹਿਣ ਦੇਵਾਂਗੇ

ਪ੍ਰ:-'ਜ਼ਿੰਮੇਵਾਰੀ' ਦਾ ਸਹੀ ਅਰਥ ਚੁਣੋ—
(ੳ) ਆਪਣਾ ਫ਼ਰਜ਼ (ਅ) ਖੇਡ (ੲ) ਆਰਾਮ

**ਬਹੁ ਵਿਕਲਪੀ ਪ੍ਰਸ਼ਨ/ ਉੱਤਰ**

ਪ੍ਰ:-ਊਧਮ ਸਿੰਘ ਜੀ ਨੇ ਕਿਸ ਘਟਨਾ ਦਾ ਬਦਲਾ ਲੈਣ ਦਾ ਪ੍ਰਣ ਕੀਤਾ?
(ੳ)ਜਲ੍ਹਿਆਂਵਾਲਾ ਬਾਗ ਦੇ ਸਾਕੇ ਦਾ (ਅ) ਭਾਰਤ ਦੀ ਵੰਡ ਦਾ
(ੲ) ਨਮਕ ਕਾਨੂੰਨ ਦਾ (ਸ) ਸਾਈਮਨ ਕਮਿਸ਼ਨ ਦਾ

ਪ੍ਰ:-ਪਾਠ ਵਿੱਚ ਹਲਦੀ ਕਿਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ?
(ੳ) ਸੁੰਡ ਨੂੰ (ਅ) ਆਪਣੀ ਮਾਂ ਨੂੰ
(ੲ) ਦਰਿਆ ਨੂੰ (ਸ) ਰੁੱਖ ਨੂੰ

ਪ੍ਰ:-ਕਵੀ ਪੰਜਾਬੀ ਬੋਲੀ ਨੂੰ ਕਿਸ ਦੀ ਖਾਣ ਕਹਿੰਦਾ ਹੈ?
(ੳ) ਸੋਨੇ ਦੀ (ਅ) ਹੀਰਿਆਂ ਦੀ
(ੲ) ਮੋਤੀਆਂ ਦੀ (ਸ) ਰਤਨਾਂ ਦੀ

**ਛੋਟੇ ਪ੍ਰਸ਼ਨ/ਉੱਤਰ**

ਪ੍ਰ:-ਸ਼ਹੀਦ ਊਧਮ ਸਿੰਘ ਕਿਸ ਨੂੰ ਆਪਣਾ ਗੁਰੂ ਮੰਨਦਾ ਸੀ?
ਪ੍ਰ:-ਤਿਤਲੀ ਕਿਹੋ ਜਿਹੀ ਦਿਸਦੀ ਹੈ?
ਪ੍ਰ:-ਕੁੰਦਨ ਲਾਲ ਆਪਣਾ ਗੁਜ਼ਾਰਾ ਚਲਾਉਣ ਲਈ ਕੀ ਕੰਮ ਕਰਦਾ ਸੀ?

**ਵੱਡੇ ਪ੍ਰਸ਼ਨ ਉੱਤਰ:-**

ਪ੍ਰ:-ਮਾਈਕਲ ਓਡਵਾਇਰ ਨੂੰ ਸਜ਼ਾ ਦੇਣ ਤੋਂ ਬਾਅਦ ਸ਼ਹੀਦ ਉਧਮ ਸਿੰਘ ਨੇ ਆਪਣੀ ਹਿੰਮਤ ਦਾ ਕਿਹੜਾ ਸਬੂਤ ਦਿੱਤਾ?
ਪ੍ਰ:-ਤਿਤਲੀ ਝੀਲ ਦੇ ਦੂਜੇ ਪਾਰ ਪਹੁੰਚੀ ਤਾਂ ਉਸ ਨੂੰ ਕਿਹੜੀ ਮਨਮੋਹਕ ਥਾਂ ਨਜ਼ਰ ਆਈ? ਉੱਥੇ ਮੌਜੂਦ ਚੀਜ਼ਾਂ ਦਾ ਵਰਣਨ ਕਰੋ?
ਪ੍ਰ:-ਹਲਦੀ ਦੇ ਕਿਹੜੇ ਗੁਣਾਂ ਕਾਰਨ ਉਹ ਸਭ ਦੀ ਪਿਆਰੀ ਬਣ ਗਈ?

**ਮੁੱਲ ਪਰਖ ਪ੍ਰਸ਼ਨ**

ਪ੍ਰ:-ਜੇ ਤੁਹਾਡੇ ਆਲੇ-ਦੁਆਲੇ ਕੋਈ ਵਿਅਕਤੀ ਸੁੰਢ ਵਾਂਗ ਆਕੜ ਅਤੇ ਰੁੱਖੇ ਸੁਭਾਅ ਨਾਲ ਪੇਸ਼ ਆਵੇ, ਤਾਂ ਤੁਸੀਂ ਉਸਨੂੰ ਹਲਦੀ ਦੇ ਵਿਹਾਰ ਤੋਂ ਕੀ ਸਿੱਖਣ ਦੀ ਸਲਾਹ ਦਿਓਗੇ? ਆਪਣੇ ਉੱਤਰ ਨੂੰ ਪਾਠ ਦੀ ਸਿੱਖਿਆ ਨਾਲ ਜੋੜ ਕੇ ਲਿਖੋ?

ਵਿਆਕਰਨ:-
ਕਥਨ ): "ਸੀਮਾ ਨੇ ਕਿਤਾਬ ਪੜ੍ਹੀ। ਉਸਨੇ ਕਿਤਾਬ ਸੰਭਾਲ ਕੇ ਰੱਖ ਦਿੱਤੀ।" ਇੱਥੇ 'ਉਸਨੇ' ਪੜਨਾਂਵ ਹੈ।
ਕਾਰਨ : 'ਉਸਨੇ' ਸ਼ਬਦ 'ਸੀਮਾ' ਨਾਂਵ ਦੀ ਥਾਂ ਵਰਤਿਆ ਗਿਆ ਹੈ।
(ੳ) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਅਤੇ ਕਾਰਨ, ਕਥਨ ਦੀ ਸਹੀ ਵਿਆਖਿਆ ਕਰਦਾ ਹੈ।
(ਅ) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਪਰ ਕਾਰਨ, ਕਥਨਦੀ ਸਹੀ ਵਿਆਖਿਆ ਨਹੀਂ ਕਰਦਾ।
(ੲ) ਕਥਨ ਸਹੀ ਹੈ ਪਰ ਕਾਰਨ ਗਲਤ ਹੈ।
(ਸ) ਕਥਨ ਗਲਤ ਹੈ ਪਰ ਕਾਰਨ ਸਹੀ ਹੈ।
ਸ਼ਬਦ/ਅਰਥ:-ਹਉਮੈ, ਜੋਸ਼, ਨਿੰਮੋਝੂਣਾ
ਵਾਕ ਬਣਾਓ:-ਤ੍ਰਿੰਝਣ, ਸਹਾਇਤਾ
ਸ਼ੁੱਧ ਕਰਕੇ ਲਿਖੋ:-ਦਲਾਸਾ, ਸੁਨਹਰੀ, ਹਉਮੇ